**TODAY'S HUKAMNAMA FROM SRI DARBAR SAHIB**
**Sri Amritsar.**

**[June 25, 2013, Tuesday 04:30 AM. IST]**

ਸੋਰਠਿ ਮਹਲਾ ੫ ॥

ਗੁਰ ਅਪੁਨੇ ਬਲਿਹਾਰੀ ॥ ਜਿਨਿ ਪੂਰਨ ਪੈਜ ਸਵਾਰੀ ॥ ਮਨ ਚਿੰਦਿਆ ਫਲੁ ਪਾਇਆ ॥ ਪ੍ਰਭੁ ਅਪੁਨਾ ਸਦਾ ਧਿਆਇਆ ॥੧॥ ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥ ਕਰਣ ਕਾਰਣ ਪ੍ਰਭੁ ਸੋਈ ॥ ਰਹਾਉ ॥ ਪ੍ਰਭਿ ਅਪਨੈ ਵਰ ਦੀਨੇ ॥ ਸਗਲ ਜੀਅ ਵਸਿ ਕੀਨੇ ॥ ਜਨ ਨਾਨਕ ਨਾਮੁ ਧਿਆਇਆ ॥ ਤਾ ਸਗਲੇ ਦੂਖ ਮਿਟਾਇਆ ॥੨॥੫॥੬੯॥

ਮਨੁੱਖਾ ਜੀਵਨ ਵਾਹਿਗੁਰੂ ਦੀ ਅਮੋਲਕ ਦਾਤ ਹੈ ਪਰੰਤੂ ਇਸਦੀ ਪੂਰੀ ਕੀਮਤ ਤੇ ਕਦਰ ਗੁਰੂ ਮਹਾਰਾਜ ਦੀ ਸਿੱਖਿਆ ਗ੍ਰਹਿਣ ਕਰਨ ਨਾਲ ਹੀ ਸਮਝ ਆਉਂਦੀ ਹੈ ।ਮਨੁੱਖ ਜੋਤ ਰੂਪ ਪ੍ਰਮੇਸ਼ਵਰ ਦਾ ਹੀ ਪ੍ਰਗਟ ਰੂਪ ਹੈ ਤੇ ਸਤਿਗੁਰਾਂ ਦੁਆਰਾ ਜਦੋਂ ਉਸਨੂੰ ਇਸ ਗਲ ਦੀ ਸਮਝ ਪੈਂਦੀ ਹੈ ਤਾਂ ਆਪਣੀ ਜ਼ਿੰਦਗੀ ਦੇ ਸਾਰੇ ਦੁੱਖ ਦੂਰ ਕਰ ਲੈਂਦਾ ਹੈ ਅਤੇ ਹੋਰਨਾ ਨੂੰ ਵੀ ਆਪਣੇ ਪਭਾਵ ਹੇਠ ਲਿਆਕੇ ਜੀਵਨ ਸਵਾਰਨ ਵਿਚ ਸਹਾਈ ਹੁੰਦਾ ਹੈ ।